# ਸ਼ਿਥਿਲ (ਡਾਰਮੈਂਟ) ਖਾਤਿਆਂ ਅਤੇ ਮ੍ਰਿਤਕਾਂ ਦੇ ਖਾਤਿਆਂ ਨੂੰ ਸਮਝਦਿਆਂ

## ਸ਼ਿਥਿਲ (ਡਾਰਮੈਂਟ) ਖਾਤਾ ਕੀ ਹੈ?

ਬਹੁਤੇ ਬੈਂਕ ਬੱਚਤ ਖਾਤੇ, ਚਾਲੂ ਖਾਤੇ ਅਤੇ ਹੋਰ ਕਿਸਮ ਦੇ ਖਾਤਿਆਂ ਨੂੰ ਉਦੋਂ ਸ਼ਿਥਿਲ ਘੋਸ਼ਿਤ ਕਰਦੇ ਹਨ, ਜਦੋਂ ਉਨ੍ਹਾਂ ਵਿੱਚ ਇੱਕ ਨਿਸ਼ਚਿਤ ਮਿਆਦ ਤੋਂ ਬਾਅਦ ਸਿਰਫ ਬੈਂਕ ਵੱਲੋਂ ਕੀਤੇ ਲੈਣ-ਦੇਣ (ਜਿਵੇਂ ਕਿ ਵਿਆਜ ਅਤੇ ਹੋਰ ਖਰਚ) ਤੋਂ ਇਲਾਵਾ ਕੋਈ ਹੋਰ ਗਤੀਵਿਧੀ ਨਹੀਂ ਹੁੰਦੀ। ਇਹ ਮਿਆਦ ਬੈਂਕ ਤੋਂ ਬੈਂਕ ਵੱਖੋ-ਵੱਖਰੀ ਹੁੰਦੀ ਹੈ, ਪਰ ਆਮ ਤੌਰ 'ਤੇ ਇਹ 6 ਮਹੀਨੇ ਜਾਂ ਇਸਤੋਂ ਵੱਧ ਦੀ ਹੁੰਦੀ ਹੈ। ਕਈ ਵਾਰ ਲੋਕ ਖਾਤਾ ਖੁੱਲ੍ਹਵਾਉਂਦੇ ਹਨ, ਕੁਝ ਸਮੇਂ ਲਈ ਪੈਸੇ ਜਮ੍ਹਾਂ ਕਰਵਾਉਂਦੇ ਹਨ, ਫਿਰ ਅਚੇਤਨ ਤੌਰ 'ਤੇ ਉਸਨੂੰ ਉਂਝ ਵਿੱਚ ਹੀ ਛੱਡ ਦਿੰਦੇ ਹਨ, ਜਾਂ, ਖਾਤੇ ਨੂੰ ਬੰਦ ਕਰਨ ਦੀ ਬਜਾਇ ਜ਼ੀਰੋ 'ਤੇ ਜਾਂ ਮਾਮੂਲੀ ਰਕਮ 'ਤੇ ਛੱਡ ਦਿੰਦੇ ਹਨ।

## ਸ਼ਿਥਿਲ ਖਾਤਾ ਮਾੜਾ ਕਿਉਂ ਹੈ?

### ਬੇਲੋੜੀ ਫ਼ੀਸ

- ਸ਼ਿਥਿਲ ਖਾਤੇ ਪੈਸੇ ਦੀ ਬਰਬਾਦੀ ਕਰਦੇ ਹਨ। ਬਹੁਤੇ ਬੈਂਕ ਸ਼ਿਥਿਲ ਖਾਤਿਆਂ 'ਤੇ ਇੱਕ ਛੋਟੀ ਫ਼ੀਸ ਲਾਉਂਦੇ ਹਨ। ਜੇਕਰ ਤੁਸੀਂ ਆਪਣੇ ਖਾਤੇ ਨੂੰ ਰਸਮੀ ਤੌਰ 'ਤੇ ਬੰਦ ਨਹੀਂ ਕਰਦੇ, ਇਸ 'ਤੇ ਫ਼ੀਸ ਲੱਗਣੀ ਚਾਲੂ ਰਹਿ ਸਕਦੀ ਹੈ ਜਿਸਨੂੰ ਬੈਂਕ ਕੋਲ ਭਰਨ ਦੀ ਜ਼ਿੰਮੇਵਾਰੀ ਤੁਹਾਡੀ ਹੋ ਸਕਦੀ ਹੈ।

### ਕੁਝ ਖ਼ਾਸ ਸੇਵਾਵਾਂ 'ਤੇ ਰੋਕ

- ਕੁਝ ਬੈਂਕ ਸ਼ਿਥਿਲ ਖਾਤਿਆਂ ਦੇ ਧਾਰਕਾਂ ਨੂੰ ਕੁਝ ਖਾਸ ਸੇਵਾਵਾਂ ਦੇਣੀਆਂ ਬੰਦ ਕਰ ਦਿੰਦੇ ਹਨ, ਜਿਵੇਂ ਕਿ ATM ਸੇਵਾ।

### ਧੋਖਾਧੜੀ ਦਾ ਖਤਰਾ

- ਜੇਕਰ ਬੈਂਕ ਰਿਕਾਰਡ ਵਿੱਚ ਸ਼ਿਥਿਲ ਖਾਤਿਆਂ ਦੀ ਸੰਪਰਕ ਸੂਚਨਾ ਆਉਟਡੇਟ ਹੋ ਚੁੱਕੀ ਹੈ ਅਤੇ ਤੁਸੀਂ ਸਮੇਂ ਸਿਰ ਆਪਣੇ ਬੈਂਕ ਨੂੰ ਇਸ ਬਾਰੇ ਨਹੀਂ ਦੱਸਿਆ, ਤਾਂ ਬੈਂਕ ਕੋਲ ਤੁਹਾਡੇ ਨਾਲ ਸੰਪਰਕ ਕਰਨ ਲਈ ਕੋਈ ਰਸਤਾ ਨਹੀਂ ਹੋਵੇਗਾ ਅਤੇ ਤੁਹਾਡੀਆਂ ਬੈਂਕ ਸਟੇਟਮੈਂਟਾਂ/ਨੋਟਿਸ ਤੁਹਾਡੇ ਪੁਰਾਣੇ ਪਤੇ ਜਾਂ ਪੁਰਾਣੇ ਨੰਬਰ 'ਤੇ ਹੀ ਭੇਜੇ ਜਾਂਦੇ ਰਹਿਣਗੇ, ਜੋ ਕਿਸੇ ਹੋਰ ਦੁਆਰਾ ਪੜ੍ਹੇ ਜਾ ਸਕਦੇ ਹਨ। ਤੁਸੀਂ ਬੈਂਕ ਦੇ ਭੇਜੇ ਜਰੂਰੀ ਸੁਨੇਹੇ ਅਤੇ ਨੋਟਿਸ ਵੀ ਖੁੰਝ ਸਕਦੇ ਹੋ। ਕਿਉਂਕਿ ਸ਼ਿਥਿਲ ਖਾਤਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਤੁਹਾਨੂੰ ਘੱਟ ਲੋੜ ਹੁੰਦੀ ਹੈ, ਤੁਸੀਂ ਲੈਣ-ਦੇਣ ਦੀ ਨਿਗਰਾਨੀ ਕਰਨ ਅਤੇ ਸਟੇਟਮੈਂਟਾਂ ਨੂੰ ਟੈਲੀ ਕਰਨ ਵਿੱਚ ਘੱਟ ਚੌਕਸ ਹੋ ਜਾਂਦੇ ਹੋ। ਨਤੀਜੇ ਵਜੋਂ, ਕੁਝ ਸਮੇਂ ਲਈ, ਅਣਅਧਿਕਾਰਤ ਲੈਣ-ਦੇਣ ਵੱਲ ਧਿਆਨ ਨਾ ਜਾਣ

ਦਾ ਵੱਡਾ ਖਤਰਾ ਰਹਿੰਦਾ ਹੈ। ਆਪਣੀ ਨਿੱਜੀ ਜਾਣਕਾਰੀ ਵਿੱਚ ਤਬਦੀਲੀਆਂ ਹੋਣ 'ਤੇ ਹਮੇਸ਼ਾ ਆਪਣੇ ਬੈਂਕ ਨੂੰ ਤੁਰੰਤ ਸੂਚਿਤ ਕਰੋ। ਕੁਝ ਬੈਂਕ ਤੁਹਾਡੇ ਹਿੱਤਾਂ ਦੀ ਰੱਖਿਆ ਲਈ ਸ਼ਿਥਿਲ ਖਾਤਿਆਂ 'ਤੇ ਪਾਬੰਦੀਆਂ ਲਗਾਉਂਦੇ ਹਨ।

## ਖਾਤਾ ਸ਼ਿਥਿਲ ਹੋਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ?

### ਬੇਲੋੜੇ ਖਾਤੇ ਬੰਦ ਕਰ ਦਿਓ

- ਆਪਣੇ ਮੌਜੂਦ ਖਾਤਿਆਂ ਦੀ ਜਾਂਚ ਕਰੋ। ਜੋ ਖਾਤੇ ਤੁਹਾਨੂੰ ਨਹੀਂ ਚਾਹੀਦੇ ਉਨ੍ਹਾਂ ਨੂੰ ਰਸਮੀ ਤੌਰ ‘ਤੇ ਬੰਦ ਕਰ ਦਿਓ। ਯਕੀਨੀ ਬਣਾਓ ਕਿ ਸਾਰੀਆਂ ਸਥਾਈ ਹਿਦਾਇਤਾਂ ਅਤੇ ਡਾਇਰੈਕਟ ਡੈਬਿਟ ਪ੍ਰਮਾਣਿਕਤਾਵਾਂ ਤੁਹਾਡਾ ਖਾਤਾ ਬੰਦ ਕਰਨ ਤੋਂ ਪਹਿਲਾਂ ਪਛਾਣੀਆਂ ਗਈਆਂ ਹਨ ਅਤੇ ਬੰਦ ਕਰ ਦਿੱਤੀਆਂ ਗਈਆਂ ਹਨ। ਬੰਦ ਕਰਨ ਤੋਂ ਪਹਿਲਾਂ ਰਿਕਾਰਡ ਰੱਖਣ ਲਈ ਤੁਹਾਨੂੰ ਆਪਣੇ ਖਾਤੇ ਦੀਆਂ ਸਟੇਟਮੈਂਟਾਂ ਡਾਉਨਲੋਡ ਅਤੇ ਸਟੋਰ ਕਰ ਲੈਣੀਆਂ ਚਾਹੀਦੀਆਂ ਹਨ।

### ਬੈਂਕ ਦਾ ਨੋਟਿਸ ਪ੍ਰਾਪਤ ਹੋਣ ‘ਤੇ ਕਾਰਵਾਈ ਕਰੋ

- ਬੈਂਕਾਂ ਨੂੰ ਕਿਸੇ ਸ਼ਿਥਿਲ ਖਾਤੇ ‘ਤੇ ਪਹਿਲਾ ਖਰਚਾ ਲਾਉਣ ਵੇਲੇ ਤੁਹਾਨੂੰ 14 ਦਿਨ ਪਹਿਲਾਂ ਦੱਸਣ ਦੀ ਅਤੇ ਸਲਾਹ ਦੇਣ ਦੀ ਲੋੜ ਹੁੰਦੀ ਹੈ ਕਿ ਇਸ ਖਰਚੇ ਤੋਂ ਕਿੰਝ ਬਚਿਆ ਜਾ ਸਕਦਾ ਹੈ। ਇਸ ਲਈ, ਬੈਂਕ ਵੱਲੋਂ ਮਿਲੇ ਖ਼ਤਾਂ ਅਤੇ ਨੋਟਿਸਾਂ ਨੂੰ ਪੜ੍ਹਨਾ ਯਾਦ ਰੱਖੋ ਅਤੇ ਜਦੋਂ ਨੋਟਿਸ ਭੇਜਿਆ ਜਾਵੇ, ਬਣਦੀ ਕਾਰਵਾਈ ਕਰੋ। ਕਿਰਪਾ ਕਰਕੇ ਯਕੀਨੀ ਬਣਾਓ ਕਿ ਬੈਂਕ ਦੇ ਰਿਕਾਰਡ ਵਿੱਚ ਤੁਹਾਡੀ ਨਿੱਜੀ ਜਾਣਕਾਰੀ ਅੱਪ-ਟੂ-ਡੇਟ ਹੈ ਤਾਂ ਜੋ ਤੁਸੀਂ ਕੋਈ ਜ਼ਰੂਰੀ ਨੋਟਿਸ ਖੁੰਝ ਨਾ ਜਾਵੋ।

## ਆਪਣਾ ਖਾਤਾ ਭੁੱਲ ਜਾਣ ‘ਤੇ ਜਾਂ ਇਸ ਨਾਲ ਸੰਪਰਕ ਵਿੱਚ ਨਾ ਰਹਿਣ ‘ਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਆਪਣੇ ਪਛਾਣ ਦਸਤਾਵੇਜ਼ਾਂ (ਉਦਾਹਰਣ ਵਜੋਂ, ਹਾਂਗ ਕਾਂਗ ਪਛਾਣ ਕਾਰਡ) ਨਾਲ ਬੈਂਕ ਦੀ ਕਿਸੇ ਸ਼ਾਖਾ ਵਿੱਚ ਜਾਓ ਜਾਂ ਬੈਂਕ ਦੀ ਗਾਹਕ ਸੇਵਾ ਹਾਟਲਾਈਨ ਨੂੰ ਕਾਲ ਕਰੋ। ਇੱਕ ਵਾਰ ਤੁਹਾਡੀ ਪਛਾਣ ਹੋ ਜਾਣ ਤੋਂ ਬਾਅਦ ਬੈਂਕ ਤੁਹਾਡੀ ਇਹ ਜਾਨਣ ਵਿੱਚ ਮਦਦ ਕਰਨਗੇ ਕੀ ਉਨ੍ਹਾਂ ਕੋਲ ਤੁਹਾਡਾ ਕੋਈ ਖਾਤਾ(ਤੇ) ਮੌਜੂਦ ਹੈ।

## ਮ੍ਰਿਤਕ ਦਾ (ਡਸੀਜ਼ਜ਼ਡ) ਖਾਤਾ ਕੀ ਹੈ?

ਮ੍ਰਿਤਕ ਦਾ (ਡਸੀਜ਼ਜ਼ਡ) ਖਾਤਾ ਉਹ ਹੁੰਦਾ ਹੈ ਜਿਸਦਾ ਧਾਰਕ ਸਵਰਗਵਾਸ ਹੋ ਚੁੱਕਾ ਹੋਵੇ।

## ਕਿਸੇ ਖਾਤਾਧਾਰਕ ਦੇ ਸਵਰਗਵਾਸ ਹੋਣ ਦੀ ਖ਼ਬਰ ਬੈਂਕ ਨੂੰ ਦੇਣੀ ਕਿਉਂ ਜ਼ਰੂਰੀ ਹੈ?

ਬੈਂਕਾਂ ਨੂੰ ਸੂਚਿਤ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਜੋ ਬੈਂਕ ਮ੍ਰਿਤਕ ਦੀ ਸੰਪੱਤੀ ਦੇ ਲਾਭਪਾਤਰੀਆਂ ਅਤੇ ਭਾਵੀ ਮਾਲਕਾਂ ਦੇ ਹਿਤਾਂ ਨੂੰ ਸੁਰੱਖਿਅਤ ਰੱਖਣ ਲਈ ਮ੍ਰਿਤਕ ਦੇ ਖਾਤੇ ਨੂੰ ਫ੍ਰੀਜ਼ ਕਰ ਸਕਣ। ਮ੍ਰਿਤਕ ਦੇ ਖਾਤਿਆਂ ਨੂੰ ਨਿੱਜੀ ਪ੍ਰਤੀਨਿਧੀ ਦੇ ਪ੍ਰਬੰਧ ਕਰਨ ਦੀ ਉਡੀਕ ਵਿੱਚ ਫ੍ਰੀਜ਼ ਕਰ ਦਿੱਤਾ ਜਾਵੇਗਾ (ਨਿੱਜੀ ਪ੍ਰਤੀਨਿਧੀ ਦੀ ਪਰਿਭਾਸ਼ਾ ਕਿਰਪਾ ਕਰਕੇ ਹੇਠਾ ਦਿੱਤੇ ਪੈਰੇ ਵਿੱਚ ਦੇਖੋ). ਖਾਤੇ ਦੀ ਸਥਿਤੀ ਨੂੰ ਅੱਪਡੇਟ ਕਰਨ ਲਈ ਸਵਰਗਵਾਸੀ ਦੇ ਮੌਤ ਸਰਟੀਫਿਕੇਟ ਦੀ ਅਸਲ ਜਾਂ ਤਸਦੀਕਸ਼ੁਦਾ ਕਾਪੀ ਬੈਂਕ ਵਿੱਚ ਲੈ ਕੇ ਆਓ ਤਾਂ ਜੋ ਮ੍ਰਿਤਕ ਦੀ ਸੰਪੱਤੀ ਨਾਲ ਕਿਸੇ ਅਣਅਧਿਕਾਰਤ ਵਿਅਕਤੀ ਨੂੰ ਛੇੜ-ਛਾੜ ਕਰਨ ਤੋਂ ਰੋਕਿਆ ਜਾ ਸਕੇ।

## ਮ੍ਰਿਤਕ ਦੇ ਖਾਤਿਆਂ ਦੀ ਦੇਖ-ਰੇਖ ਕੌਣ ਕਰ ਸਕਦਾ ਹੈ?

ਉਹ ਵਿਅਕਤੀ ਜੋ ਮ੍ਰਿਤਕ ਦੀ ਸੰਪੱਤੀ ਦੀ ਦੇਖ-ਰੇਖ ਕਰਦਾ ਹੈ ਆਮ ਤੌਰ ‘ਤੇ ਉਸਨੂੰ ‘ਨਿੱਜੀ ਪ੍ਰਤੀਨਿਧੀ’ ਕਿਹਾ ਜਾਂਦਾ ਹੈ, ਜੋ ਜਾਂ ਤਾਂ ਮ੍ਰਿਤਕ ਦੀ ਵਸੀਅਤ ਵਿੱਚ ਲਿਖਿਆ ਵਾਰਿਸ ਹੁੰਦਾ ਹੈ ਜਾਂ ਪ੍ਰਬੰਧਕ ਜੋ ਨਿਕਟ ਸਬੰਧੀ ਹੋ ਸਕਦਾ ਹੈ, ਜਾਂ ਕੋਰਟ ਦਾ ਰਜਿਸਟਰਾਰ, ਜਾਂ ਕੋਈ ਵਸੀਅਤ ਨਾ ਹੋਣ ਦੀ ਸੂਰਤ ਵਿੱਚ ਤਰਜੀਹ ਦੇ ਆਦੇਸ਼ ਅਨੁਸਾਰ ਮ੍ਰਿਤਕ ਦੇ ਲੈਣਦਾਰ ਹੋ ਸਕਦੇ ਹਨ। ਆਮ ਤੌਰ ‘ਤੇ, ਨਿੱਜੀ ਪ੍ਰਤੀਨਿਧੀ ਕੋਲ ਮ੍ਰਿਤਕ ਦੀ ਕੁੱਲ ਸਪੰਤੀ ਦੀ ਦੇਖ-ਰੇਖ ਕਰਨ ਦਾ ਅਧਿਕਾਰ ਹੁੰਦਾ ਹੈ, ਜਿਵੇਂ ਕਿ ਸਬੰਧਿਤ ਸੰਪੱਤੀ ਦਾ ਪ੍ਰਬੰਧਨ ਕਰਨਾ ਅਤੇ ਲਾਭਪਾਤਰੀਆਂ ਦੇ ਵਿੱਚ ਉਹਨਾਂ ਦੀ ਵੰਡ ਕਰਨਾ।

## ਮ੍ਰਿਤਕ ਦੀ ਸੰਪੱਤੀ ਦੀ ਸਾਂਭ-ਸੰਭਾਲ ਲੈਣ ਤੋਂ ਪਹਿਲਾਂ ਨਿੱਜੀ ਪ੍ਰਤੀਨਿਧੀ ਨੂੰ ਕਿਹੜੇ ਦਸਤਾਵੇਜ਼ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ?

ਕਿਸੇ ਮ੍ਰਿਤਕ ਦੀ HK$50,000 ਤੋਂ ਜ਼ਿਆਦਾ ਦੀ ਸੰਪੱਤੀ ਦੀ ਦੇਖ-ਰੇਖ ਲਈ ਹਾਂਗਕਾਂਗ ਸਪੈਸ਼ਲ ਐਡਮਨੀਸਟਰੇਟਿਵ ਰੀਜਨ ਦੀ ਹਾਈ ਕੋਰਟ ਦੀ ਪ੍ਰੋਬੇਟ ਰਜਿਸਟਰੀ ਤੋਂ ਪ੍ਰਤੀਨਿਧਤਾ ਦਾ ਅਨੁਦਾਨ (ਗ੍ਰਾਂਟ) ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਪ੍ਰਤੀਨਿਧਤਾ ਦਾ ਅਨੁਦਾਨ (ਗ੍ਰਾਂਟ) ਮ੍ਰਿਤਕ ਦੀ ਸੰਪੱਤੀ ਦੀ ਦੇਖ-ਰੇਖ ਦੇ ਵਿਅਕਤੀ ਦੇ ਅਧਿਕਾਰ ਦੇ ਸਬੂਤ ਵਜੋਂ ਕੰਮ ਕਰਦਾ ਹੈ। ਜੇਕਰ ਨਿੱਜੀ ਪ੍ਰਤੀਨਿਧੀ ਨੂੰ ਪ੍ਰੋਬੇਟ ਰਜਿਸਟਰੀ ਤੋਂ ਪ੍ਰਤੀਨਿਧਤਾ ਦਾ ਅਨੁਦਾਨ ਪ੍ਰਾਪਤ ਕਰਨ ਤੋਂ ਬਾਅਦ ਕੋਈ ਵਾਧੂ ਸੰਪੱਤੀਆਂ ਜਾਂ ਦੇਣਦਾਰੀਆਂ ਦਾ ਪਤਾ ਲੱਗਦਾ ਹੈ, ਤਾਂ ਨਿੱਜੀ ਪ੍ਰਤੀਨਿਧੀ ਨੂੰ ਪ੍ਰਤੀਨਿਧਤਾ ਦੇ ਅਨੁਦਾਨ ਨਾਲ ਜੁੜੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਅਨੁਸੂਚੀ ਵਿੱਚ ਸੋਧ ਕਰਨ ਦੀ ਲੋੜ ਹੋ ਸਕਦੀ ਹੈ ਜਿੱਥੇ ਮ੍ਰਿਤਕ ਦੀ ਸੰਪਤੀ ਬਣਦੀ ਜਾਇਦਾਦ ਜਿਸ ਦੇ ਨਾਲ ਨਜਿੱਠਿਆ ਜਾਣਾ ਉਸ ਅਨੁਸੂਚੀ ਵਿੱਚ ਸ਼ਾਮਲ ਨਹੀਂ ਹੈ। ਪ੍ਰਤੀਨਿਧਤਾ ਦੇ ਅਨੁਦਾਨ ਲਈ ਅਰਜ਼ੀ ਲਈ, ਕਿਰਪਾ ਕਰਕੇ ਪ੍ਰੋਬੇਟ ਰਜਿਸਟਰੀ ਨਾਲ ਸੰਪਰਕ ਕਰੋ।

ਜੇਕਰ ਜਾਇਦਾਦ ਦਾ ਮੁੱਲ HK$50,000 ਤੋਂ ਵੱਧ ਨਹੀਂ ਹੈ, ਜਿਸ ਵਿੱਚ ਪੂਰਾ ਪੈਸਾ ਹੈ, ਤਾਂ ਮ੍ਰਿਤਕ ਦਾ ਨਿੱਜੀ ਪ੍ਰਤੀਨਿਧੀ, ਪ੍ਰਤੀਨਿਧਤਾ ਦੇ ਅਨੁਦਾਨ ਦੀ ਬਜਾਇ ਗ੍ਰਹਿ ਮਾਮਲਿਆਂ ਦੇ ਵਿਭਾਗ ਨੂੰ ਪੁਸ਼ਟੀਕਰਨ ਨੋਟਿਸ ਲਈ ਅਰਜ਼ੀ ਦੇ ਸਕਦਾ ਹੈ। ਪੁਸ਼ਟੀਕਰਨ ਨੋਟਿਸ ਲਈ ਬਿਨੈ-ਪੱਤਰ ਦੇ ਵੇਰਵਿਆਂ ਲਈ, ਕਿਰਪਾ ਕਰਕੇ ਗ੍ਰਹਿ ਮਾਮਲੇ ਵਿਭਾਗ (ਸੰਪੱਤੀ ਲਾਭਪਾਤਰੀ ਸਹਾਇਤਾ ਯੂਨਿਟ) ਨਾਲ ਸੰਪਰਕ ਕਰੋ।

## ਕਿਸੇ ਮ੍ਰਿਤਕ ਦੇ ਖਾਤੇ ਦੀ ਦੇਖ-ਰੇਖ ਸੰਭਾਲਣ ਲਈ ਬੈਂਕ ਵਿੱਚ ਕਿਹੜੇ ਦਸਤਾਵੇਜ਼ ਪੇਸ਼ ਕਰਨ ਦੀ ਲੋੜ ਹੁੰਦੀ ਹੈ?

ਲੋੜੀਂਦੇ ਦਸਤਾਵੇਜ਼ ਬੈਂਕ ਤੋਂ ਬੈਂਕ ਵੱਖੋ-ਵੱਖਰੇ ਹੋ ਸਕਦੇ ਹਨ। ਆਮ ਤੌਰ 'ਤੇ, ਨਿੱਜੀ ਪ੍ਰਤੀਨਿਧੀ ਵੱਲੋਂ ਬੈਂਕ ਸ਼ਾਖਾ ਵਿੱਚ ਹੇਠ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣੇ ਚਾਹੀਦੇ ਹਨ:

- ਹਾਈ ਕੋਰਟ ਵੱਲੋਂ ਜਾਰੀ ਕੀਤਾ ਅਸਲੀ ਪ੍ਰਤੀਨਿਧਤਾ ਦਾ ਅਨੁਦਾਨ/ਗ੍ਰਹਿ ਮਾਮਲੇ ਵਿਭਾਗ ਵੱਲੋਂ ਜਾਰੀ ਕੀਤਾ ਅਸਲੀ ਪੁਸ਼ਟੀਕਰਨ ਨੋਟਿਸ
- ਨਿੱਜੀ ਪ੍ਰਤੀਨਿਧੀ ਦੇ ਅਸਲ ਪਛਾਣ ਦਸਤਾਵੇਜ਼
- ਮ੍ਰਿਤਕ ਦੇ ਅਸਲ ਪਛਾਣ ਦਸਤਾਵੇਜ਼
- ਮ੍ਰਿਤਕ ਦੇ ਮੌਤ ਸਰਟੀਫਿਕੇਟ ਦੀ ਅਸਲ ਜਾਂ ਤਸਦੀਕਸ਼ੁਦਾ ਕਾਪੀ

## ਕਿਸੇ ਮ੍ਰਿਤਕ ਵਿਅਕਤੀ ਦੇ ਖਾਤੇ(ਆਂ) ਨੂੰ ਲੱਭਣ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ? ਕੀ ਹਾਂਗ ਕਾਂਗ ਐਸੋਸੀਏਸ਼ਨ ਆਫ਼ ਬੈਂਕਸ (HKAB) ਕੁਝ ਮਦਦ ਕਰ ਸਕਦੀ ਹੈ?

HKAB ਕੋਲ ਵਿਅਕਤੀਗਤ ਬੈਂਕ ਖਾਤਿਆਂ ਦੀ ਜਾਣਕਾਰੀ ਨਹੀਂ ਹੁੰਦੀ ਅਤੇ ਇਹ ਖਾਸ ਬੈਂਕ ਖਾਤਿਆਂ ਦੇ ਮਾਮਲਿਆਂ ਨਾਲ ਸਬੰਧਤ, ਮੈਂਬਰ ਬੈਂਕਾਂ ਵਿੱਚ ਵਿਚੋਲੇ ਵਜੋਂ ਕੰਮ ਨਹੀਂ ਕਰਦੀ ਹੈ।

ਇਹ ਪੱਕਾ ਕਰਨ ਲਈ ਕਿ ਕੀ ਮ੍ਰਿਤਕ ਵਿਅਕਤੀ ਦਾ ਉਸ ਬੈਂਕ ਵਿੱਚ ਖਾਤਾ(ਤੇ) ਹੈ ਜਾਂ ਨਹੀਂ ਕਿਰਪਾ ਕਰਕੇ ਸਬੰਧਤ ਬੈਂਕ ਨਾਲ ਸਿੱਧਾ ਸੰਪਰਕ ਕਰੋ। ਆਮ ਤੌਰ 'ਤੇ, ਹੇਠ ਲਿਖੇ ਦਸਤਾਵੇਜ਼ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ:

- ਮ੍ਰਿਤਕ ਦੇ ਮੌਤ ਸਰਟੀਫਿਕੇਟ ਦੀ ਅਸਲ ਜਾਂ ਤਸਦੀਕਸ਼ੁਦਾ ਕਾਪੀ
- ਮ੍ਰਿਤਕ ਦੇ ਅਸਲ ਪਛਾਣ ਦਸਤਾਵੇਜ਼
- ਖਾਤੇ ਬਾਰੇ ਪੁੱਛਗਿੱਛ ਕਰਨ ਵਾਲੇ ਵਿਅਕਤੀ ਦੇ ਅਸਲ ਪਛਾਣ ਦਸਤਾਵੇਜ਼
- ਮ੍ਰਿਤਕ ਅਤੇ ਖਾਤੇ ਬਾਰੇ ਪੁੱਛਗਿੱਛ ਕਰਨ ਵਾਲੇ ਵਿਅਕਤੀ ਦੇ ਵਿਚਕਾਰ ਰਿਸ਼ਤੇ ਦੇ ਸਬੂਤ ਵਾਲੇ ਅਸਲ

ਦਸਤਾਵੇਜ਼ (ਉਦਾਹਰਣ ਵਜੋਂ, ਵਿਆਹੁਤਾਵਾਂ ਲਈ ਮੈਰਿਜ ਸਰਟੀਫਿਕੇਟ, ਮਾਪਿਆਂ/ਬੱਚਿਆਂ ਲਈ ਜਨਮ ਦਾ ਸਰਟੀਫਿਕੇਟ)

- ਮ੍ਰਿਤਕ ਦੀ ਅਸਲ ਵਸੀਅਤ, ਜੇ ਹੈ ਤਾਂ

ਜੇਕਰ ਤੁਹਾਨੂੰ ਲੋੜੀਂਦੇ ਦਸਤਾਵੇਜ਼ ਪੂਰੇ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇਸ ਸਬੰਧੀ ਜਾਨਣ ਲਈ ਕਿ ਤੁਸੀਂ ਹੋਰ ਕੀ ਕਰ ਸਕਦੇ ਹੋ, ਆਪਣੇ ਬੈਂਕ ਨਾਲ ਸੰਪਰਕ ਕਰੋ ਅਤੇ ਉਹ ਇਸ ਵਿੱਚ ਤੁਹਾਡੀ ਮਦਦ ਕਰਨਗੇ।